ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 –106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

3. ਡੀ.ਪੀ.ਆਈ. (ਸੈ ਸਿ) ਪੰਜਾਬ, ਚੰਡੀਗੜ੍ਹ

4. ਡੀ.ਪੀ.ਆਈ. (ਐ ਸਿ) ਪੰਜਾਬ, ਚੰਡੀਗੜ੍ਹ

5. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ,ਚੰਡੀਗੜ੍ਹ

ਮੀਮੋ ਨੰ 3/5-ICT-2007/Misc./SPV/72005-09
ਮਿਤੀ ਚੰਡੀਗੜ੍ਹ 15 ਅਕਤੂਬਰ, 2009

**ਵਿਸ਼ਾ ਪੰਜਾਬ ਵਿੱਚ ਬਿਜਲੀ ਊਰਜਾ ਦਾ ਕੁਸ਼ਲਤਾ ਸਹਿਤ ਇਸਤੇਮਾਲ ਅਤੇ ਇਸ ਦੀ ਬੱਚਤ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ ਪੇਡਾ/2910 ਮਿਤੀ 7.10.2009 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜਿਸ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਰਾਜ ਅਤੇ ਦੇਸ਼ ਭਰ ਵਿੱਚ ਬਿਜਲੀ ਇੱਕ ਬਹੁਤ ਅਹਿਮ ਉਰਜ਼ਾ ਦਾ ਸਰੋਤ ਹੈ ਜਦੋਂ ਕਿ ਬਿਜਲੀ ਦਾ ਉਤਪਾਦਨ ਖਪਤ ਤੋਂ ਬਹੁਤ ਘੱਟ ਹੈ । ਇਹਨਾਂ ਗੱਲਾਂ ਨੂੰ ਮੁੱਖ ਰੱਖਦੇ ਹੋਇਆ ਦੇਸ਼ ਦੇ ਹਰ ਇੱਕ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਬਿਜਲੀ ਦੀ ਖਪਤ ਵਿੱਚ ਕਿਫ਼ਾਇਤ ਕੀਤੀ ਜਾਵੇ ਅਤੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਬੇਲੋੜੀ ਜਗ੍ਹਾ ਤੇ ਬਿਜਲੀ ਦੀ ਖਪਤ ਨਾ ਹੋਵੇ ।

3.0 ਪਿਛਲੇ ਦਿਨੀਂ ਸਕੂਲਾਂ ਦੇ ਦੌਰਿਆਂ ਦੌਰਾਨ ਇਹ ਗੱਲ ਆਮ ਵੇਖਣ ਵਿੱਚ ਆਈ ਹੈ ਕਿ ਕਈ ਵਾਰੀ ਸਕੂਲਾਂ ਦੇ ਕਮਰਿਆਂ ਵਿੱਚ ਨਾ ਤਾਂ ਵਿਦਿਆਰਥੀ ਬੈਠੇ ਹੁੰਦੇ ਹਨ ਅਤੇ ਨਾ ਹੀ ਅਧਿਆਪਕ, ਜਦੋਂ ਕਿ ਉਹਨਾਂ ਕਮਰਿਆਂ ਵਿੱਚ ਪੱਖੇ ਅਤੇ ਲਾਈਟਾਂ ਚੱਲਦੀਆਂ ਰਹਿੰਦੀਆਂ ਹਨ । ਦਫ਼ਤਰਾਂ ਵਿੱਚ ਵੀ ਇਹੋ ਜਿਹੀ ਸਥਿਤੀ ਆਮ ਵੇਖਣ ਵਿੱਚ ਆਉਂਦੀ ਹੈ । ਇਸ ਮੁੱਦੇ ਦੀ ਮਹੱਤਤਾ ਨੂੰ ਵੇਖਦਿਆਂ ਹੋਇਆ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬੇਲੋੜੀ ਜਗ੍ਹਾ ਤੇ ਕਿਸੀ ਤਰ੍ਹਾਂ ਦੇ ਬੱਲਬ ਅਤੇ ਪੱਖੇ ਨਹੀਂ ਚੱਲਣੇ ਚਾਹੀਦੇ ਹਨ । ਜੇਕਰ ਉਹਨਾਂ ਦੀ ਲੋੜ੍ਹ ਨਾ ਹੋਵੇ ਤਾਂ ਇਹ ਯਕੀਨੀ ਬਣਾਇਆ ਜਾਵੇ ਕਿ ਇਹੋ ਜਿਹੇ ਬਲਬ ਅਤੇ ਲਾਈਟਾਂ ਬੰਦ ਕਰ ਦਿੱਤੀਆਂ ਜਾਣ ।

4.0 ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਬਿਜਲੀ ਊਰਜਾ ਦੀ ਐਫੀਸੈਂਸੀ ਨੂੰ ਵੇਖਦੇ ਹੋਇਆ ਇਹ ਹਦਾਇਤ ਕੀਤੀ ਗਈ ਹੈ ਕਿ ਬੱਲਬਾਂ ਦੀ ਥਾਂ ਤੇ ਸੀ.ਐਫ.ਐਲ. ਦੇ ਬੱਲਬ ਵਰਤੇ ਜਾਣ । ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿੱਥੇ ਕਿੱਧਰੇ ਬੱਲਬ ਬਦਲਣ ਦੀ ਲੋੜ੍ਹ ਹੋਵੇ ਤਾਂ ਨਵੇਂ ਬੱਲਬ ਸੀ.ਐਫ.ਐਲ. ਨਾਲ ਬਦਲੇ ਜਾਣ ।

5.0 ਇਹ ਪੱਤਰ ਸਰਕਾਰ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ

ਡੀ.ਐਮ.(ਐਮ.ਆਈ. ਐਸ) ਵੈੱਬ ਸਾਈਟ ਲਈ